# ਸ਼ੇਖ ਫ਼ਰੀਦ - ਸਬਦ ੧੯

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥

ਸਾਰ: ਇੱਕ ਜਟਿਲ ਮਨ ਜੋ ਨਿਰਣੇ ਕਰਨ ਦਾ ਆਦੀ ਹੈ ਅਤੇ ਲਗਾਤਾਰ ਰਾਏ ਪ੍ਰਦਾਨ ਕਰਦਾ ਹੈ, ਅਸਲ ਸੂਝ ਅਤੇ ਸੰਪਰਕ ਕਾਇਮ ਕਰਨ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ। ਇਹ ਮਾਨਸਿਕਤਾ ਅਕਸਰ ਪਹਿਲਾਂ ਬਣੀਆਂ ਧਾਰਨਾਵਾਂ 'ਤੇ ਕੰਮ ਕਰਦੀ ਹੈ, ਜੋ ਗੈਰ-ਨਰੋਏ ਪੱਖਪਾਤ ਸਿਰਜਦੀ ਹੈ।

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਫਰੀਦ ਕਹਿੰਦੇ ਹਨ ਕਿ ਕੁਝ ਲੋਕ ਲਗਾਤਾਰ ਰਾਏ ਅਤੇ ਸਲਾਹ ਦੇਣ ਆਦੀ ਹੋ ਚੁਕੇ ਹਨ, ਜੋ ਇੱਕ ਪ੍ਰੇਸ਼ਾਨ ਜਟਿਲ ਮਨ ਦੀ ਨੁਮਾਇੰਦਗੀ ਦਾ ਪ੍ਰਤੀਕ ਹੈ।

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥
ਜੇ ਮਨ ਮਾਰੂ ਪ੍ਰਭਾਵ ਹੇਠ ਵਿੱਚ ਆ ਜਾਵੇ, ਤਾਂ ਇਹ ਉਸਾਰੂ ਬਿਰਤੀ ਵੱਲ ਕਿਵੇਂ ਬਦਲ ਸਕਦਾ ਹੈ? (੧੫)

ਤੱਤ: ਸ਼ੇਖ ਫ਼ਰੀਦ ਉਸ ਮਾਨਸਿਕਤਾ ਨੂੰ ਚੁਣੌਤੀ ਦਿੰਦੇ ਹਨ ਜੋ ਮਾਰੂ ਪੱਖਪਾਤ ਅਤੇ ਡਰਾਂ ਦੇ ਕਾਰਨ ਉਸਾਰੂ ਨਤੀਜਿਆਂ ਨੂੰ ਛੱਡ ਕਰ ਘਾਟੇ ਨੂੰ ਸਵੀਕਾਰ ਕਰ ਲੈਂਦੀ ਹੈ। ਉਹ ਸਾਨੂੰ ਮਾਰੂਪੁਣੇ ਤੋਂ ਉਸਾਰੂਪੁਣੇ ਵੱਲ ਬਦਲਣ ਲਈ ਉਤਸ਼ਾਹਿਤ ਕਰਦੇ ਹਨ ਕਿਉਂਕਿ ਹਰ ਛੋਟਾ ਕਦਮ ਇੱਕ ਐਸੀ ਸੋਚ ਨੂੰ ਵਿਕਸਤ ਕਰ ਸਕਦਾ ਹੈ ਜੋ ਮਨ ਨੂੰ ਤਕੜਾ ਕਰਨ ਦੀ ਸਮਰਥਾ ਰੱਖਦਾ ਹੋਵੇ ਅਤੇ ਇੱਕ ਭਰਪੂਰ ਜੀਵਨ ਜੀਉਣ ਲਈ ਰਾਹ ਪੱਧਰਾ ਕਰਦਾ ਹੋਵੇ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**